# ਹਾਈਸਕੂਲ ਵਿੱਚ ਵਿਦਿਆਰਥੀ ਸਫਲਤਾ ਪ੍ਰੋਗਰਾਮ (Student Success Program):

ਹਰ ਵਿਦਿਆਰਥੀ ਵੱਖਰੇ ਤਰੀਕੇ ਨਾਲ ਸਿੱਖਦਾ ਹੈ। ਹੁਣ ਇੱਥੇ ਉਹਨਾ ਦੇ ਹਾਈ ਸਕੂਲ ਵਿੱਚ ਸ਼ਾਮਲ ਹੋਣ ਅਤੇ ਸਨਾਤਕ ਕਰਨ ਲਈ ਲੋੜੀਂਦੇ ਅੰਕ ਪ੍ਰਾਪਤ ਕਰਨ ਲਈ ਨਵੇਂ ਤਰੀਕੇ ਹਨ।

ਵਿਦਿਆਰਥੀ ਸਫਲਤਾ ਪ੍ਰੋਗਰਾਮ ਵਿਦਿਆਰਥੀਆਂ ਨੂੰ ਨਵੀਂਆਂ ਚੋਣਾਂ ਪ੍ਰਦਾਨ ਕਰਦਾ ਹੈ ਜੋ ਕਿ ਪੁਰਾਣੇ ਤਰੀਕਿਆਂ ਦੀਆਂ ਜਮਾਤਾ ਤੋਂ ਅਲੱਗ, ਵਿੱਦਿਆ ਨੇ ਹੋਰ ਸਿੱਖਣ ਵਿੱਚ ਮਦਦ ਕਰਦਾ ਹੈ। ਹਾਈ ਸਕੂਲ ਦੇ ਵਿਦਿਆਰਥੀਆਂ ਕੋਲ ਹੋਣਗੇ:
ਸਫਲ ਹੋਣ ਦੇ ਵਧੇਰੇ ਮੌਕੇ।
ਉਦੇਸ਼ਾਤਕਤ ਅਤੇ ਸਿੱਖਿਆ ਵੱਲ ਪੂਰੀ ਤਰ੍ਹਾਂ ਕੇਂਦਰਿਤ ਧਿਆਨ
ਖ਼ ਅੰਕ ਪ੍ਰਾਪਤ ਕਰਨ ਦੇ ਵਧੇਰੇ ਮੌਕਿਆ ਦਾ ਆਨੰਦ

ਓਨਟੇਰਿਓ ਹਾਈ ਸਕੂਲ ਦੇ ਵਿਦਿਆਰਥਾਂ ਕੋਲ ਆਪਣੇ ਤਜ਼ਰਬੇ ਨੂੰ ਵੱਖ-ਵੱਖ ਰੂਪ ਦੇਣ ਅਤੇ ਲਈ ਸਿੱਖਣ ਦੇ ਵੱਧੇਰੇ ਮੋਕੇ ਹੋਣਗੇ ਜੋ ਕਿ ਉਹਨਾ ਲਈ ਲੋੜੀਦੀ ਹੈ।

## ਖਾਸ ਉੱਚ ਸਿਖਿਆ ਦੇ ਮੁੱਖ ਉਪਰਾਲ (Specialist High Skills Majors)

ਵਿਦਿਆਰਥੀ ਜਿਹਨਾ ਦੇ ਦਿਮਾਗ ਵਿੱਚ ਕੈਰਿਅਰ ਲਈ ਕੁਝ ਖਾਸ ਤਰੀਕੇ ਹਨ, ਖਾਸ ਉੱਚ ਸਿੱਖਿਆ ਦੇ ਮੁੱਖ ਉਪਰਾਲੇ ਉਹਨਾਂ ਨੂੰ ਉਹਨਾ ਦੀ ਸਿੱਖਿਆ ਨੂੰ ਉਸ ਅਨੁਸਾਰ ਢਾਲਣ ਦਾ ਮੌਕਾ ਦਿੰਦਾ ਹੈ। ਹਰ ਮੁੱਖ 8 ਤੋਂ 10 ਕੋਰਸਾ ਦਾ ਦਾ ਸਮੂਹ ਹੈ। ਇਹ ਸਨਾਤਕ ਲਈ ਲੋੜੀਦੇਂ 30 ਅੰਦਾ ਦਾ ਇੱਕ ਹਿੱਸਾ ਹੈ। ਇਹ ਵਿਦਿਆਰਥੀਆਂ ਨੂੰ ਇੱਕ ਖਾਸ ਕਿੱਤੇ ਲਈ ਤਿਆਰ ਕਰਦਾ ਹੈ ਜਿਸ ਵਿੱਚ ਪ੍ਰਹੁਣਾਚਾਰੀ ਅਤੇ ਸੈਰਸਪਾਟਾ, ਕਲਾ ਅਤੇ ਸੱਭਿਆਚਾਰ, ਸੇਹਤ ਅਤੇ ਚੰਗਾ ਰਹਿਣ ਸਹਿਣ, ਉਸਾਰੀ, ਉਤਪਾਦਕਤਾ, ਬਾਗਵਾਨੀ, ਧਰਤੀ ਨੂੰ ਸਜ਼ਾਉਣਾ ਅਤੇ ਤਕਨੀਕ ਅਤੇ ਸੰਚਾਰ ਤਕਨੀਕ ਆਦਿ।

## ਐਕਸਪੈਂਡਿਡ ਕੋ-ਅਪ (Expanded Co-op)

ਨੌਕਰੀਸ਼ੁਦਾ ਵਿਅਕਤੀਆ ਲਈ ਟ੍ਰੇਨਿੰਗ ਨਾ ਸਿਰਫ ਇੱਕ ਸਿੱਖਣ ਦਾ ਤਜ਼ਰਬਾ ਹੈ ਬਲਕਿ ਇਹ ਵਿਦਿਆਰਣੀਆਂ ਲਈ ਆਪਣੇ ਸ਼ੌਕ ਅਤੇ ਕਾਬਲੀਅਤ ਨੂੰ ਅੱਗੇ ਵਧਾਉਣ ਅਤੇ ਆਪਣੇ ਅਹੁਦੇ ਨੂੰ ਉਸਾਰਨ ਲਈ ਮਦਦ ਕਰਦਾ ਹੈ। ਵਧਾਈ ਗਈ ਸਹਿਯੋਗਤਾ ਦੇ ਅਨੁਸਾਰ ਹੁਣ ਵੱਧੋ ਵੱਧ ਵਿਦਿਆਰਥੀ ਕੰਮ ਕਰਨ ਦਾ ਵੱਧ ਤਜ਼ਰਬਾ ਪ੍ਰਾਪਤ ਕਰਨਗੇ ਅਤੇ ਇਸਦੇ ਨਾਲ ਹੀ ਵੱਧ ਅੰਕ ਪ੍ਰਾਪਤ ਕਰਨਗੇ ਇਸ ਤੋਂ ਬਿਨਾ ਜਰੂਰੀ ਡਿਪਲੋਮਾ ਦੇ 2 ਅੰਕ ਹੋਰ ਹੋਣਗੇ। ਵਿਦਿਆਰਥੀਆਂ ਨੂੰ ਆਪਣੇ ਵਿਵਸਾਏ ਨੂੰ ਟੈਸਟ ਕਰਨ ਦਾ ਮੌਕਾ ਦਿੱਤਾ ਜਾਵੇਗਾ ਕਿ ਉਹ ਅੱਗੇ ਕਾਲਜ, ਯੂਨੀਵਰਸਿਟੀ ਵਿੱਚ ਟ੍ਰੇਨਿੰਗ ਪ੍ਰਾਪਤ ਕਰਨਗੇ ਜਾਂ ਫਿਰ ਕੋਈ ਨੌਕਰੀ ਲੈਣਗੇ।

## ਦੋਹਰੇ ਕਰੈਡਿਟ (Dual Credits)

ਦੋਹਰੇ ਅੰਕ ਵਿਦਿਆਰਥੀਆਂ ਨੂੰ ਟ੍ਰੇਨਿੰਗ ਵਿੱਚ ਸ਼ਾਮਲ ਹਨ ਅਤੇ ਸੈਕੰਡਰੀ ਤੋਂ ਬਾਅਦ ਦੇ ਕੋਰਸ ਵਿੱਚ ਸ਼ਾਮਲ ਹੋਣ, ਜਦੋਂ ਕਿ ਉਹ ਹਾਈ ਸਕੂਲ ਵਿੱਚ ਹਨ, ਲਈ ਇਜ਼ਾਜਤ ਦਿੰਦੀ ਹੈ। ਕੋਰਸ ਦੋਵੇ ਤਰ੍ਹਾਂ ਦੇ ਹਾਈ ਸਕੂਲ ਡਿਪਲੋਮਾ ਅਤੇ ਸੈਕੇਂਡਰੀ ਤੋਂ ਬਾਦ ਦੇ ਡਿਪਲੋਮੇ ਲਈ, ਡਿਗਰੀ ਜਾਂ ਫਿਰ ਟ੍ਰੇਨਿੰਗ ਲੈਣ ਲਈ ਮਦਦ ਕਰਦਾ ਹੈ। ਇਹ ਵਿਦਿਆਰਥੀਆਂ ਨੂੰ ਕਾਲਜ ਵਿੱਚ ਅਜ਼ਮਾਈਸ਼ ਕਰਨ ਲਈ ਇਜ਼ਾਜਤ ਦਿੰਦਾ ਹੈ ਜੋ ਕਿ ਉਹਨਾਂ ਲਈ ਲੋੜੀਂਦਾ ਹੈ ਜਿਹਨਾਂ ਨੂੰ ਕਿ ਹਾਈ ਸਕੂਨ ਤੋਂ ਬਾਹਰ ਸਿੱਖਣ ਦੀ ਲੋੜ ਹੈ ਅਤੇ ਜੋ ਕਾਲਜ ਦੇ ਤਜ਼ਰਬੇ ਤੋਂ ਕੁਝ ਸਿੱਖਣਗੇ।

## ਗ੍ਰੇਡ 7-9 ਪਰਿਵਰਤਨ

ਉਹ ਵਿਦਿਆਰਥੀ ਜਿਹਨਾਂ ਨੂੰ ਏਲੀਮੈਂਟਰੀ ਤੋਂ ਸੈਕੇਂਡਰੀ ਸਕੂਲ ਵਿੱਚ ਪਰਿਵਰਤਨ ਵਿੱਚ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਹਨਾਂ ਨੂੰ ਵੱਖ ਖਾਸ ਧਿਆਨ ਦਿੱਤਾ ਜਾਵੇ ਗਾ ਤਾਂ ਕਿ ਉਹ ਨਵੀਆਂ ਤਬਦੀਲੀਆਂ ਅਤੇ ਹਾਲਾਤਾਂ ਨਾਲ, ਜੋ ਕਿ ਉਹਨਾਂ ਨੂੰ ਸੀਨਿਅਰ ਸਕੂਲ ਦੇ ਮਾਹੌਲ ਵਿੱਚ ਮਿਲਦੇ ਹਨ, ਨਾਲ ਚੰਗੇ ਸੰਬੰਧ ਸਥਾਪਿਤ ਕਰ ਸਕਣ।

## ਵਿਦਿਆਰਥੀਆਂ ਦੀਆਂ ਸਫਲ ਟੀਮਾਂ

ਹਰ ਹਾਈ ਸਕੂਲ ਵਿੱਚ ਹੁਣ ਸਮਰਪਿਤ ਪ੍ਰਿੰਸੀਪਲ, ਅਧਿਆਪਕ ਅਤੇ ਦਿਸ਼ਾਨਿਰਦੇਸ਼ਕ ਦੀਆਂ ਟੀਮਾਂ ਮੌਜੂਦ ਹੈ। ਇਹ ਟੀਮ ਲੋੜਵੰਦ ਵਿਦਿਆਰਥੀਆਂ ਵੱਲ ਵਧੇਰੇ ਧਿਆਨ ਅਤੇ ਸਾਥ ਦਿੰਦਾ ਹੈ। ਇਹ ਟੀਮਾਂ ਜਦੋਂਜਹਦ ਕਰ ਰਹੇ ਵਿਦਿਆਰਥੀਆਂ ਨੂੰ ਲੱਭਕੇ ਉਹਨਾਂ ਦਾ ਸਾਥ ਦਿੰਦੀਆ ਹਨ, ਉਹਨਾਂ ਨੂੰ ਇੱਕ ਤੋਂ ਵੱਧ ਚੋਣਾਂ ਪ੍ਰਦਾਨ ਕਰਦੀਆਂ ਹਨ ਤਾਂ ਜੋ ਚੰਗੀ ਤਰ੍ਹਾਂ ਪੜ੍ਹ ਸਕਣ ਅਤੇ ਫਿਰ ਇਹ ਟੀਮਾਂ ਇਹਨਾਂ ਦੇ ਵਿਕਾਸ ਦਾ ਧਿਆਨ ਰੱਖਦੀਆਂ ਹਨ। ਇਸੇ ਤਰ੍ਹਾਂ ਵਿਦਿਆਰਥੀ ਸਫਲ ਟੀਮਾਂ ਸਕੂਲ ਦੇ ਦੂਜੇ ਸਟਾਫ, ਮਾਪਿਆਂ ਅਤੇ ਹੋਰ ਸਮਾਜ਼ ਦੇ ਵਿਦਿਆਰਥੀਆਂ ਨੂੰ ਅੰਕ ਪ੍ਰਾਪਤ ਕਰਨ ਲਈ ਮਦਦ ਕਰਦੀਆਂ ਹਨ ਜੋ ਕਿ ਸਨਾਤਕ ਲਈ ਲੋੜੀਂਦੇ ਹਨ।

## ਨਵੇਂ ਕੋਰਸ

ਸਕੂਲ ਨਵੇਂ ਤਕਨੀਕੀ ਕੋਰਸ ਪ੍ਰਦਾਨ ਕਰਦਾ ਹੈ ਅਤੇ ਬਿਨਾ ਇਸਦੇ ਹੋਰ ਨਵੇਂ ਹਿੱਸੇ ਵੀ ਮੌਜੂਦਾ ਤਕਨੀਕੀ ਵਿੱਦਿਆ ਵਿੱਚ ਜੋੜੇ ਹਨ। 300,000 ਤੋਂ ਵੱਧ ਵਿਦਿਆਰਥੀਆਂ ਨੇ 200 ਤੋਂ ਵੱਧ ਨਵੇਂ ਤਕਨੀਕੀ ਕੋਰਸਾਂ ਹਨ ਅਤੇ 500 ਅਪਗ੍ਰੇਡ ਕੀਤੇ ਕੋਰਸਾਂ ਤੋਂ ਜਿਸ ਵਿੱਚ ਪ੍ਰਹੁਣਾਚਾਰੀ, ਸੇਹਤ ਦੀ ਸੰਭਾਲ ਅਤੇ ਕੰਪੀਊਟਰ ਇੰਜੀਨੀਅਰਿੰਗ ਸ਼ਾਮਲ ਹਨ, ਤੋਂ ਲਾਭ ਉਠਾਇਆ ਹੈ। ਇਸ ਤੋਂ ਬਿਨਾ ਵਿਦਿਆਰਥੀ 50 ਤੋਂ ਵੱਧ ਆੱਨਲਾਈਨ ਕੋਰਸਾਂ ਦਾ ਫਾਇਦਾ ਵੀ ਲੈ ਸਕਦੇ ਹਨ। ਇਹ ਕੋਰਸ ਵਿਦਿਆਰਥੀਆਂ ਨੂੰ ਉਹਨਾਂ ਦੇ ਸ਼ੌਕ ਦੇ ਅਨੁਸਾਰ ਵਿਸ਼ੇ ਲੈਣ ਅਤੇ ਸਨਾਤਕ ਲਈ ਜਰੂਰੀ ਅੰਕ ਪ੍ਰਾਪਤ ਕਰਨ ਵਿੱਚ ਮਦਦ ਕਰਦੇ ਹਨ।

## ਵਿਦਿਆਰਥੀ ਸਫਲਤਾ ਸੰਸਕ੍ਰਿਤੀ

ਪੂਰੇ ਪ੍ਰਾਂਤ ਵਿੱਚਲੇ ਮੁੱਖ-ਅਧਿਆਪੱਕ ਅਤੇ ਅਧਿਆਪੱਕ ਨਵੇਂ ਵਿਚਾਰ ਅਤੇ ਨਵੀਨ ਪਹੁੰਚਾਂ ਵਿਕਸਤ ਕਰਨ ਲਈ ਸਿੱਖਲਾਈ ਪ੍ਰਾਪਤ ਕਰਦੇ ਹਨ ਜੋ ਬੱਚਿਆਂ ਨੂੰ ਹਾਈ ਸਕੂਡ ਤੋਂ ਗ੍ਰੈਜੁਏਟ ਹੋਣ ਵਿੱਚ ਮਦਦ ਕਰਦੇ ਹਨ। ਇਸਦਾ ਨਿਰਮਾਣ ਉੱਚ ਅਪੇਖਿਆਵਾਂ ਅਤੇ ਵਿਅਕਤੀਗਤ; ਧਿਆਨ ਅਤੇ ਦੇਖਭਾਲ ਉੱਤੇ ਕੀਤਾ ਗਿਆ ਹੈ। ਜਦੋਂ ਅਧਿਆਪੱਕ ਨਵੇ ਮੋਕਿਆਂ ਬਾਰੇ ਸਿੱਖਦੇ ਹਨ, ਉਹ ਵਿਦਿਆਰਥੀਆਂ ਨੂੰ ਚੋਣ ਦੇਣ ਲਈ ਬੇਹਤਰ ਢੰਗ ਤੋਂ ਯੋਗ ਹੁੰਦੇ ਹਨ, ਜਿਸ ਵਿੱਚ ਨਿਯਮਿਤ ਜਮਾਤ ਸਿੱਖਿਆ ਲਈ ਵਿਕਲੱਪ ਸ਼ਾਮਲ ਹਨ।

## ਲਾਈਟਹਾਊਸ ਪ੍ਰੋਜੈਕਟਸ

ਉਹਨਾਂ ਵਿਦਿਆਰਥੀਆਂ ਲਈ ਨਵੀਨ ਸਥਾਨੱਕ ਪ੍ਰੋਜੈਕਟਸ ਉਪਲਬੱਧ ਹਨ ਜਿਹਨਾਂ ਨੂੰ ਸਕੂਲ ਵਿੱਚ ਰਹਿਣ ਲਈ ਮਦਦ ਲਈ ਅਤੇ ਜੋ ਸਕੂਲ ਛੱਡ ਗਏ ਹਨ, ਉਹਨਾਂ ਨੂੰ ਵਾਪਿਸ ਆਉਣ ਲਈ ਪ੍ਰੇਰਿਤ ਕਰਨ ਲਈ ਫਾਲਤੂ ਸਹਾਇਤਾ ਅਤੇ ਧਿਆਨ ਦੀ ਲੋੜ ਹੈ। ਵਿਦਿਆਰਥੀ ਕ੍ਰੇਡਿਟ ਜਮਾ ਕਰਦੇ ਹਨ ਅਤੇ ਕਾਲਜਾਂ ਤੋਂ ਸੰਬੰਧਤ ਪ੍ਰੋਗਰਾਮਾਂ ਵਿੱਚ ਸ਼ਾਮਲ ਹੁੰਦੇ ਹਨ,

**ਵੱਧ ਪਤਾ ਕਰਨ ਲਈ, ਸਾਡੇ ਸਕੂਲ ਆਓ ਅਤੇ ਆਪਣੇ ਮੁੱਖ ਅਧਿਆਪੱਕ ਨਾਲ ਗੱਲ ਕਰੋ। ਇਸ ਵੈਬਸਾਈਟ ਦੇ ਅੰਗ੍ਰੇਜ਼ੀ ਅਤੇ ਫ੍ਰਾਂਸੀਸੀ ਪੇਜ਼ਾਂ ਉੱਤੇ ਵੀ ਵੱਧ ਜਾਣਕਾਰੀ ਉਪਲਬੱਧ ਹੈ।**

Ontario